BRITISH COLUMBIA | HealthLinkBC

Punjabi – Number 27c
December 2024

# ਥੋੜ੍ਹੇ ਸਮੇਂ ਲਈ ਪ੍ਰਾਈਵੇਟ ਰਿਹਾਇਸ਼ੀ ਪੂਲ ਰੈਂਟਲ

# Short-term private residential pool rental

ਬੀ.ਸੀ. ਵਿੱਚ ਔਨਲਾਈਨ ਪਲੇਟਫਾਰਮ ਹਨ, ਜੋ ਘਰ ਦੇ ਮਾਲਕਾਂ ਨੂੰ ਆਪਣੇ ਨਿੱਜੀ ਪੂਲ ਨੂੰ ਕਿਰਾਏ 'ਤੇ ਦੇਣ ਦੀ ਇਜਾਜ਼ਤ ਦਿੰਦੇ ਹਨ। ਇਹ ਸੇਵਾਵਾਂ ਛੋਟੀ ਮਿਆਦ ਦੇ ਰਿਹਾਇਸ਼ ਰੈਂਟਲ ਦੇ ਸਮਾਨ ਹਨ।

## ਬੀ.ਸੀ. ਵਿੱਚ ਪੂਲ ਦਾ ਅਧਿਨਿਯਮ

ਜੇਕਰ ਪੂਲ ਦੀ ਵਰਤੋਂ ਇਕ-ਪਰਿਵਾਰ ਦੇ ਨਿਵਾਸੀਆਂ ਜਾਂ ਡੁਪਲੈਕਸ ਦੇ ਨਿਵਾਸੀਆਂ ਅਤੇ ਮਹਿਮਾਨਾਂ ਦੁਆਰਾ ਕੀਤੀ ਜਾਂਦੀ ਹੈ ਤਾਂ, ਬ੍ਰਿਟਿਸ਼ ਕੋਲੰਬੀਆ ਦਾ ਪੂਲ ਰੈਗੂਲੇਸ਼ਨ ਪ੍ਰਾਈਵੇਟ ਰਿਹਾਇਸ਼ੀ ਪੂਲ 'ਤੇ ਲਾਗੂ ਨਹੀਂ ਹੁੰਦਾ। ਇਸ ਵਿੱਚ ਸਥਾਈ ਅਤੇ ਅਸਥਾਈ ਪੂਲ ਸ਼ਾਮਲ ਹਨ।

ਹਾਲਾਂਕਿ, ਜਦੋਂ ਇੱਕ ਪ੍ਰਾਈਵੇਟ ਰਿਹਾਇਸ਼ੀ ਪੂਲ ਦੂਜੇ ਉਪਭੋਗਤਾਵਾਂ ਨੂੰ ਕਿਰਾਏ 'ਤੇ ਦਿੱਤਾ ਜਾਂਦਾ ਹੈ, ਇਹ ਪੂਲ ਅਧਿਨਿਯਮ ਵਿੱਚ ਇੱਕ "ਕਮਰਸ਼ੀਅਲ ਪੂਲ" ਦੀ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ। ਕਮਰਸ਼ੀਅਲ ਪੂਲ ਦਾ ਸੰਚਾਲਨ ਬੀ.ਸੀ. ਪੂਲ ਰੈਗੂਲੇਸ਼ਨ ਦੀਆਂ ਸਾਰੀਆਂ ਲੋੜਾਂ ਦੇ ਅਧੀਨ ਹੈ। ਇਸ ਵਿੱਚ ਸਥਾਨਕ ਸਿਹਤ ਅਥਾਰਟੀ ਤੋਂ ਪਰਮਿਟ ਪ੍ਰਾਪਤ ਕਰਨ ਦੀ ਲੋੜ ਸ਼ਾਮਲ ਹੈ। ਹੋਰ ਜਾਣਕਾਰੀ ਲਈ www.bclaws.gov.bc.ca/civix/document/id/complete/statreg/296_2010 'ਤੇ ਜਾਓ।

### ਨਿਯੰਤ੍ਰਿਤ ਗਤੀਵਿਧੀਆਂ

ਇੱਕ ਕਮਰਸ਼ੀਅਲ ਪੂਲ ਦਾ ਸੰਚਾਲਨ ਇੱਕ ਨਿਯੰਤ੍ਰਿਤ ਗਤੀਵਿਧੀ ਹੈ।

ਕੋਈ ਵੀ ਵਿਅਕਤੀ ਜੋ ਕਿਸੇ ਨਿਯੰਤ੍ਰਿਤ ਗਤੀਵਿਧੀ ਵਿੱਚ ਸ਼ਾਮਲ ਹੁੰਦਾ ਹੈ, ਉਸ ਨੂੰ ਗਤੀਵਿਧੀ ਦੌਰਾਨ ਸਿਹਤ ਦੇ ਖਤਰਿਆਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਉਚਿਤ ਦੇਖਭਾਲ ਕਰਨੀ ਜ਼ਰੂਰੀ ਹੈ।

ਇਹ ਮਹੱਤਵਪੂਰਨ ਹੈ ਕਿ ਪੂਲ ਦੇ ਮਾਲਕ ਅਤੇ ਕਿਰਾਏਦਾਰ ਇਸ ਕਿਸਮ ਦੀ ਗਤੀਵਿਧੀ ਵਿੱਚ ਸ਼ਾਮਲ ਹੋਣ ਵੇਲੇ ਜੋਖਮਾਂ ਅਤੇ ਉਹਨਾਂ ਦੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੋਣ।

## ਸਿਹਤ ਸਬੰਧੀ ਖਤਰੇ

ਮਨੋਰੰਜਨ ਵਾਲੀਆਂ ਪਾਣੀ ਦੀਆਂ ਸਹੂਲਤਾਂ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਲਈ ਸਿਹਤ ਦੇ ਖਤਰਿਆਂ ਵਿੱਚ ਡੁੱਬਣਾ, ਸਕਸ਼ਨ ਜਾਂ ਫਸਣ ਦੇ ਖ਼ਤਰੇ ਅਤੇ ਹੋਰ ਸੰਭਾਵੀ ਤੌਰ 'ਤੇ ਘਾਤਕ ਸਰੀਰਕ ਸੱਟਾਂ ਸ਼ਾਮਲ ਹੋ ਸਕਦੀਆਂ ਹਨ।

ਹੋਰ ਸਿਹਤ ਖਤਰਿਆਂ ਵਿੱਚ ਬੈਕਟੀਰੀਆ, ਵਾਇਰਸ ਅਤੇ ਪ੍ਰੋਟੋਜ਼ੋਆ ਤੋਂ ਛੂਤ ਦੀਆਂ ਬਿਮਾਰੀਆਂ ਸ਼ਾਮਲ ਹਨ। ਸੂਖਮ ਜੀਵ ਸੰਕਰਮਿਤ ਵਿਅਕਤੀਆਂ ਦੇ ਖੁੱਲ੍ਹੇ ਜ਼ਖਮਾਂ, ਚਮੜੀ ਜਾਂ ਮਲ ਦੇ ਝੜਨ ਤੋਂ ਮਨੋਰੰਜਨ ਵਾਲੇ ਪਾਣੀ ਵਿੱਚ ਦਾਖਲ ਹੋ ਸਕਦੇ ਹਨ, ਅਤੇ ਦੂਜੇ ਉਪਭੋਗਤਾਵਾਂ ਵਿੱਚ ਬਿਮਾਰੀ ਦਾ ਕਾਰਨ ਬਣ ਸਕਦੇ ਹਨ। ਨਿੱਜੀ ਰਿਹਾਇਸ਼ੀ ਪੂਲ ਦੀ ਵਰਤੋਂ ਕਰਦੇ ਹੋਏ ਸਿਹਤ ਦੇ ਖਤਰਿਆਂ ਅਤੇ ਸੁਰੱਖਿਅਤ ਰਹਿਣ ਬਾਰੇ ਵਧੇਰੇ ਜਾਣਕਾਰੀ ਲਈ:

- HealthLinkBC File #27a ਰਿਹਾਇਸ਼ੀ ਹਾਟ ਟੱਬ ਅਤੇ ਪੂਲ: ਸਿਹਤ ਅਤੇ ਸੁਰੱਖਿਆ ਸੁਝਾਅ 'ਤੇ ਜਾਓ
- HealthLinkBC File #27b ਰਿਹਾਇਸ਼ੀ ਹਾਟ ਟੱਬ ਅਤੇ ਪੂਲ: ਪਾਣੀ ਦੀ ਸੁਰੱਖਿਅਤ ਗੁਣਵੱਤਾ

ਪੂਲ ਰੈਗੂਲੇਸ਼ਨ ਪਾਣੀ ਦੀ ਰੀਸਰਕੁਲੇਸ਼ਨ, ਫਿਲਟਰੇਸ਼ਨ ਅਤੇ ਰੋਗਾਣੂ-ਮੁਕਤ ਕਰਨ ਲਈ ਲੋੜਾਂ ਨਿਰਧਾਰਤ ਕਰਦਾ ਹੈ, ਜੋ ਇਹਨਾਂ ਖਤਰਿਆਂ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

## ਰੈਗੂਲੇਟਰੀ ਲੋੜਾਂ ਨੂੰ ਪੂਰਾ ਕਰਨਾ

ਬੀ.ਸੀ. ਦੇ ਜਨਤਕ ਸਿਹਤ ਨਿਯਮ ਜਨਤਕ ਸਿਹਤ ਦੀ ਰੱਖਿਆ ਕਰਨ ਅਤੇ ਬੀ.ਸੀ. ਸਿਹਤ ਸੰਭਾਲ ਪ੍ਰਣਾਲੀ 'ਤੇ ਬੋਝ ਨੂੰ ਘਟਾਉਣ ਲਈ ਲਾਗੂ ਹਨ। ਰਿਹਾਇਸ਼ੀ ਪੂਲ ਦੇ ਮਾਲਕਾਂ ਲਈ ਆਪਣੀਆਂ ਜ਼ਿੰਮੇਵਾਰੀਆਂ ਅਤੇ ਦੇਣਦਾਰੀਆਂ ਨੂੰ ਸਮਝਣਾ ਮਹੱਤਵਪੂਰਨ ਹੈ।

ਰਿਹਾਇਸ਼ੀ ਪੂਲ ਆਮ ਤੌਰ 'ਤੇ ਕਮਰਸ਼ੀਅਲ ਪੂਲ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਹੀਂ ਬਣਾਏ ਗਏ ਹਨ। ਬਹੁਤ ਸਾਰੇ ਮਾਮਲਿਆਂ ਵਿੱਚ ਇੱਕ ਨਿੱਜੀ ਰਿਹਾਇਸ਼ੀ ਪੂਲ ਲਈ ਕਮਰਸ਼ੀਅਲ ਪੂਲ ਦੀਆਂ

ਰੈਗੂਲੇਟਰੀ ਲੋੜਾਂ ਨੂੰ ਪੂਰਾ ਕਰਨਾ ਬਹੁਤ ਮਹਿੰਗਾ ਜਾਂ ਅਸੰਭਵ ਵੀ ਹੋ ਸਕਦਾ ਹੈ।

ਇੱਕ ਰਿਹਾਇਸ਼ੀ ਪੂਲ ਨੂੰ ਸੰਭਾਵਤ ਤੌਰ 'ਤੇ ਇਸਦੇ ਆਮ ਨਿਰਮਾਣ ਅਤੇ ਡਿਜ਼ਾਈਨ ਲਈ ਮਹੱਤਵਪੂਰਨ ਅੱਪਗਰੇਡ ਦੀ ਲੋੜ ਹੋਵੇਗੀ। ਉਦਾਹਰਨ ਲਈ, ਡੂੰਘਾਈ ਦੇ ਨਿਸ਼ਾਨਾ, ਲਗਾਉਣਾ ਜਾਂ ਪੂਲ ਬੇਸਿਨ ਅਤੇ ਡੈੱਕ ਟਾਇਲ ਦਾ ਰੰਗ ਅਤੇ ਕੰਟ੍ਰਾਸਟ ਬਦਲਣਾ। ਇੱਕ ਰਿਹਾਇਸ਼ੀ ਪੂਲ ਨੂੰ ਵੀ ਸੰਭਾਵਤ ਤੌਰ 'ਤੇ ਇਸਦੇ ਫਿਲਟਰੇਸ਼ਨ ਅਤੇ ਕੀਟਾਣੂ-ਰਹਿਤ ਪ੍ਰਣਾਲੀਆਂ ਵਿੱਚ ਸੋਧਾਂ ਦੀ ਲੋੜ ਹੋਵੇਗੀ। ਵਧੇਰੇ ਵਿਆਪਕ ਅਤੇ ਨਿਰੰਤਰ ਰੱਖ-ਰਖਾਅ ਦੀ ਵੀ ਲੋੜ ਹੋਵੇਗੀ।

ਇਹ ਯਕੀਨੀ ਬਣਾਉਣ ਲਈ ਕਿ ਇਹਨਾਂ ਪੂਲ ਦੇ ਨਿਰਮਾਣ ਅਤੇ ਸੰਚਾਲਨ ਰੈਗੂਲੇਟਰੀ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਤੁਹਾਡੇ ਖੇਤਰੀ ਸਿਹਤ ਅਥਾਰਟੀ ਦੁਆਰਾ ਜਾਰੀ ਕੀਤੇ ਨਿਰਮਾਣ ਅਤੇ ਸੰਚਾਲਨ ਪਰਮਿਟਾਂ ਦੀ ਲੋੜ ਹੁੰਦੀ ਹੈ।

ਬੀ.ਸੀ. ਦੇ ਸਿਹਤ ਅਧਿਕਾਰੀ ਪੂਲ ਰੈਗੂਲੇਸ਼ਨ ਦੀ ਪਾਲਣਾ ਕਰਨ ਵਿੱਚ ਪੂਲ ਓਪਰੇਟਰਾਂ ਦੀ ਸਹਾਇਤਾ ਕਰਨ ਲਈ ਜ਼ਿੰਮੇਵਾਰ ਹਨ। ਵਧੇਰੇ ਜਾਣਕਾਰੀ ਲਈ ਤੁਸੀਂ ਆਪਣੇ ਸਥਾਨਕ ਸਿਹਤ ਅਥਾਰਟੀ ਦੇ ਵਾਤਾਵਰਣ ਸਿਹਤ ਦਫ਼ਤਰ ਨਾਲ ਸੰਪਰਕ ਕਰ ਸਕਦੇ ਹੋ। ਆਪਣੀ ਸਥਾਨਕ ਸਿਹਤ ਅਥਾਰਟੀ ਨੂੰ ਲੱਭਣ ਲਈ, www2.gov.bc.ca/gov/content/health/about-bc-s-health-care-system/partners/health-authorities/regional-health-authorities 'ਤੇ ਜਾਓ।

## ਹੋਰ ਜਾਣਕਾਰੀ ਲਈ

ਬੀ.ਸੀ. ਦੇ ਪੂਲ ਡਿਜ਼ਾਈਨ ਲਈ ਦਿਸ਼ਾ-ਨਿਰਦੇਸ਼ ਅਤੇ ਪੂਲ ਸੰਚਾਲਨ ਲਈ ਦਿਸ਼ਾ-ਨਿਰਦੇਸ਼ ਪੂਲ ਡਿਜ਼ਾਈਨਰਾਂ, ਆਪਰੇਟਰਾਂ ਅਤੇ ਰੈਗੂਲੇਟਰਾਂ ਨੂੰ ਪੂਲ ਰੈਗੂਲੇਸ਼ਨ ਦੀ ਵਿਆਖਿਆ ਕਰਨ ਵਿੱਚ ਮਦਦ ਕਰਨ ਲਈ ਹਨ, ਅਤੇ ਸੁਰੱਖਿਅਤ ਅਭਿਆਸਾਂ ਦੇ ਆਮ ਤੌਰ 'ਤੇ ਸਵੀਕਾਰ ਕੀਤੇ ਗਏ ਘੱਟੋ-ਘੱਟ ਮਿਆਰਾਂ ਨੂੰ ਦਰਸਾਉਂਦੇ ਹਨ। ਹੋਰ ਜਾਣਕਾਰੀ ਲਈ, www2.gov.bc.ca/gov/content/environment/air-land-water/water/water-quality/recreational-water-quality 'ਤੇ ਜਾਓ।

ਨੈਸ਼ਨਲ ਕੋਲੈਬੋਰੇਟਿੰਗ ਸੈਂਟਰ ਫਾਰ ਐਨਵਾਇਰਨਮੈਂਟਲ ਹੈਲਥ ਨੇ ਇੱਕ ਬਲੌਗ ਪੋਸਟ ਪ੍ਰਕਾਸ਼ਿਤ ਕੀਤੀ ਹੈ, ਜਿਸ ਵਿੱਚ ਬੈਕਯਾਰਡ ਪੂਲ ਰੈਂਟਲ ਦੇ ਜਨਤਕ ਸਿਹਤ ਸਬੰਧੀ ਵਿਚਾਰਾਂ ਅਤੇ ਕੈਨੇਡਾ ਭਰ ਵਿੱਚ ਵੱਖ-ਵੱਖ ਅਧਿਕਾਰ ਖੇਤਰ ਉਹਨਾਂ ਨੂੰ ਕਿਵੇਂ ਦੇਖਦੇ ਹਨ, ਦਾ ਵੇਰਵਾ ਦਿੱਤਾ ਗਿਆ ਹੈ। ਹੋਰ ਜਾਣਕਾਰੀ ਲਈ https://ncceh.ca/resources/blog/backyard-swimming-pool-rentals-making-splash-some-environmental-public-health-risks 'ਤੇ ਜਾਓ।